

सत्यमेव जयते
भारत सरकार

# ਰਾਸ਼ਟਰ ਦੀ ਸੇਵਾ

## ਮਹਾਤਮਾ ਗਾਂਧੀ ਦੇ ਜਨਮ ਦੀ 150ਵੀਂ ਵਰ੍ਹੇਗੰਢ

**4 ਸਾਲ** | ਰੇਲ ਅਤੇ ਕੋਇਲਾ ਮੰਤਰਾਲਿਆਂ ਦੀਆਂ ਉਪਲਬਧੀਆਂ ਅਤੇ ਪਹਿਲ

ਭਾਰਤ ਸਰਕਾਰ, 2018



ਰੇਲ ਅਤੇ ਕੋਇਲਾ ਮੰਤਰਾਲੇ ਮਹਾਤਮਾ ਗਾਂਧੀ ਦੇ ਜਨਮ ਦੀ 150ਵੀਂ ਵਰ੍ਹੇਗੰਢ ਮਨਾਉਂਦੇ ਹੋਏ ਬੇਹੱਦ ਖੁਸ਼ੀ ਮਹਿਸੂਸ ਕਰ ਰਹੇ ਹਨ। ਮਹਾਤਮਾ ਗਾਂਧੀ ਦੇ ਦੱਖਣੀ ਅਫਰੀਕਾ ਵਿੱਚ ਟ੍ਰੇਨਾਂ ਵਿੱਚ ਤਜਰਬਿਆਂ ਤੋਂ ਲੈ ਕੇ ਉਹਨਾਂ ਦੁਆਰਾ ਭਾਰਤ ਦੇ ਲੋਕਾਂ ਨੂੰ ਜਾਗਰੂਕ ਕਰਨ ਤਕ ਵਿੱਚ ਰੇਲਵੇ ਦੀ ਭੂਮਿਕਾ ਅੱਜ ਰਾਸ਼ਟਰ ਨੂੰ ਯਾਦ ਆਉਂਦੀ ਹੈ। ਜਿਸ ਤਰ੍ਹਾਂ ਗਾਂਧੀ ਜੀ ਟ੍ਰੇਨਾਂ ਦਾ ਸਫ਼ਰ ਕਰਦੇ ਹੋਏ ਭਾਰਤ ਦੇ ਹਰ ਹਿੱਸੇ ਨਾਲ ਜੁੜੇ, ਉਸੇ ਤਰ੍ਹਾਂ ਟ੍ਰੇਨ ਅੱਜ ਵੀ ਦੇਸ਼ ਭਰ ਦੇ ਲੋਕਾਂ ਨੂੰ ਦੇਸ਼ ਦੇ ਹਰ ਹਿੱਸੇ ਨਾਲ ਜੋੜਦੀ ਹੈ।

ਆਜ਼ਾਦੀ ਦੀ ਲੜਾਈ ਦੌਰਾਨ ਰੇਲਗੱਡੀਆਂ ਅਤੇ ਰੇਲਵੇ ਸਟੇਸ਼ਨ ਹਜ਼ਾਰਾਂ ਭਾਰਤੀਆਂ ਦੀਆਂ ਪਸੰਦੀਦਾ ਥਾਂਵਾਂ ਬਣ ਗਏ ਜਿੱਥੇ ਉਹ ਆਪਣੇ ਨੇਤਾ ਨੂੰ ਦੇਖਣ ਅਤੇ ਸੱਚ, ਅਹਿੰਸਾ ਅਤੇ ਆਜ਼ਾਦੀ ਦੇ ਰਾਹ 'ਤੇ ਉਹਨਾਂ ਨਾਲ ਚਲਣ ਲਈ ਜੁੜਦੇ ਸੀ।

# ਨਿਊ ਇੰਡੀਆ ਵੱਲੋਂ
## ਵਿਜ਼ਨ 2022





"ਖ਼ੁਦ ਉਹ ਬਦਲਾਵ ਬਣੋ ਜੋ ਤੁਸੀਂ ਦੁਨੀਆ ਵਿੱਚ ਦੇਖਣਾ ਚਾਹੁੰਦੇ ਹੋ"

ਮਹਾਤਮਾ ਗਾਂਧੀ
(1869–1948)

ਮਹਾਤਮਾ ਗਾਂਧੀ ਦੇ ਜਿਹਨਾਂ ਆਦਰਸ਼ਾਂ 'ਤੇ ਚਲ ਕੇ ਦੇਸ਼ ਆਜ਼ਾਦ ਹੋਇਆ, ਉਹਨਾਂ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ ਮਾਨਯੋਗ ਪ੍ਰਧਾਨਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਆਜ਼ਾਦੀ ਦੇ 75ਵੇਂ ਸਾਲ–2022 ਤਕ ਨਿਊ ਇੰਡੀਆ ਦੇ ਨਿਰਮਾਣ ਦਾ ਵਿਜ਼ਨ ਦਿੱਤਾ ਹੈ। ਰੇਲ ਅਤੇ ਕੋਇਲਾ ਮੰਤਰਾਲਿਆਂ ਨਿਊਇੰਡੀਆ ਬਣਾਉਣ ਅਤੇ ਦੇਸ਼ ਨੂੰ ਪ੍ਰਗਤੀ ਅਤੇ ਖੁਸ਼ਹਾਲੀ ਦੇ ਸਿਖਰ 'ਤੇ ਪਹੁੰਚਾਉਣ ਲਈ ਵਚਨਬੱਧ ਹਨ।

"ਭਾਰਤੀ ਰੇਲ ਰਾਸ਼ਟਰ ਦੀ ਵਿਕਾਸ ਯਾਤਰਾ ਦਾ ਇੰਜਣ ਬਣੇਗੀ"

ਨਰੇਂਦਰ ਮੋਦੀ
ਪ੍ਰਧਾਨਮੰਤਰੀ

ਕਵਰ 'ਤੇ ਪ੍ਰਦਰਸ਼ਿਤ ਚਿੱਤਰ ਮਹਾਤਮਾ ਗਾਂਧੀ ਦੀ ਯਾਦ ਦਿਲਾਉਂਦਾ ਹੈ, ਜਿਹਨਾਂ ਨੇ ਆਜ਼ਾਦੀ ਅਤੇ ਸੱਚ ਦੇ ਸੁਨੇਹੇ ਨੂੰ ਫੈਲਾਉਣ ਲਈ ਭਾਰਤੀ ਰੇਲਵੇ 'ਤੇ ਦੇਸ਼ ਭਰ ਵਿੱਚ ਸਫ਼ਰ ਕੀਤਾ ਸੀ। ਇਸਨੂੰ ਪੀ ਸ਼ਯਾਮ ਸੁੰਦਰ ਆਚਾਰੀ ਦੁਆਰਾ ਚਿੱਤਰਿਤ ਕੀਤਾ ਗਿਆ ਹੈ, ਜੋ ਆਮ ਪ੍ਰਸ਼ਾਸਨ ਵਿਭਾਗ, ਈਸਟ ਕੋਸਟ ਰੇਲਵੇ ਵਿੱਚ ਕੰਮ ਕਰਦੇ ਹਨ।

# ਸੁਰੱਖਿਆ ਸਰਬਉੱਚ

**118**
2013-14

**62%** ਦੀ ਕਮੀ ਰੇਲ ਹਾਦਸਿਆਂ ਵਿੱਚ

**73**
2017-18


"ਸਮੱਸਿਆ ਦੀ ਸਹੀ ਪਛਾਣ ਹੀ ਉਸਦਾ ਤਿੰਨ ਚੌਥਾਈ ਸਮਾਧਾਨ ਹੈ।"

– ਮਹਾਤਮਾ ਗਾਂਧੀ

### ਤੇਜ਼ਰਫ਼ਤਾਰ ਨਾਲ ਰੇਲ ਨਵੀਨੀਕਰਣ

2013-14 ਵਿੱਚ 2,926 ਕਿਮੀ ਦੇ ਮੁਕਾਬਲੇ 2017-18 ਵਿੱਚ 4,405 ਕਿ ਮੀ ਰੇਲ ਨਵੀਨੀਕਰਣ – 50 ਦਾ ਵਾਧਾ

### ਸਿਰਫ ਵਧੇਰੇ ਸੁਰੱਖਿਅਤ ਐਲ ਐਚ ਬੀ ਕੋਚਾਂ ਦਾ ਉਤਪਾਦਨ



## ਸੁਰੱਖਿਆ ਨੂੰ ਸਰਬਉੱਚ ਤਰਜੀਹ

ਸੁਰੱਖਿਆ ਦੀ ਦ੍ਰਿਸ਼ਟੀ ਨਾਲ 2017-18 ਵਿੱਚ ਹੁਣ ਤਕ ਦਾ ਬਿਹਤਰੀਨ ਪ੍ਰਦਰਸ਼ਨ

1.1 ਲੱਖ ਸੁਰੱਖਿਆ ਸੰਬੰਧੀ ਅਹੁਦਿਆਂ 'ਤੇ ਭਰਤੀ

# ਸੁਰੱਖਿਆ ਸਰਬਉੱਚ

## ਰਾਸ਼ਟ੍ਰੀਯ ਰੇਲ ਸੰਰਕਸ਼ਾ ਕੋਸ਼ (ਆਰ ਆਰ ਐਸ ਕੇ)

ਸੁਰੱਖਿਆ ਖਰਚ ਲਈ ਰੁ 1 ਲੱਖ ਕਰੋੜ ਦੇ ਕੋਸ਼ ਦਾ ਸਿਰਜਣ ਹੁਣ ਤਕ ਰੁ 16,000 ਕਰੋੜ ਖਰਚ ਕੀਤੇ ਗਏ

## ਫੁਟ ਓਵਰ ਬ੍ਰਿਜ ਹੁਣ ਸੇਫਟੀ ਆਇਟਮ ਵਿੱਚ ਸ਼ਾਮਲ

2009–14 ਵਿੱਚ ਔਸਤਨ ਸਾਲਾਨਾ 23 ਦੇ ਮੁਕਾਬਲੇ 2014–18 ਵਿੱਚ ਔਸਤਨ ਸਾਲਾਨਾ 74 ਫੁਟ ਬ੍ਰਿਜਾਂ ਦੀ ਉਸਾਰੀ – 221% ਦਾ ਵਾਧਾ

## ਫੌਂ ਨਾਲ ਮਿਲ ਕੇ ਕੰਮ

ਮੁੰਬਈ ਦੇ ਐਲਫਿੰਸਟਨ ਰੋਡ-ਪਰੇਲ, ਕਰੀ ਰੋਡ ਅਤੇ ਅੰਬੀਵਲੀ ਸਟੇਸ਼ਨ: ’ਤੇ ਫੌਜ ਦੀ ਸਹਾਇਤਾ ਨਾਲ ਤਿੰਨ ਫੁਟ ਓਵਰ ਬ੍ਰਿਜ ਦਾ ਨਿਰਮਾਣ

## ਸਾਰੇ ਸਟੇਸ਼ਨਾਂ ਅਤੇ ਰੇਲਗੱਡੀਆਂ ਵਿੱਚ ਸੀ ਸੀ ਟੀ ਵੀ/ਵੀਡੀਓ ਸਰਵਿਲਾਂਸ ਪ੍ਰਣਾਲੀ ਸਥਾਪਿਤ ਕੀਤੀ ਜਾ ਰਹੀ ਹੈ।

## ਹੁਣ ਤਕ ਦੇ ਸਭ ਤੋਂ ਜ਼ਿਆਦਾ ਰੋਡ ਓਵਰ ਬ੍ਰਿਜ/ਰੋਡ ਅੰਡਰ ਬ੍ਰਿਜ/ਸਬ-ਵੇ ਦਾ ਨਿਰਮਾਣ

ਔਸਤ ਸਾਲਾਨਾ ਨਿਰਮਾਣ ਵਿੱਚ 3 ਗੁਣਾ ਵਾਧਾ




## ਪਿਛਲੇ 4 ਸਾਲਾਂ ਵਿੱਚ 5,479 ਮਾਨਵਰਹਿਤ ਰੇਲਵੇ ਫਾਟਕ ਖਤਮ ਕੀਤੇ ਗਏ


ਜੂਨ, 2018 ਤਕ ਪ੍ਰਮੁਖ ਰੇਲ ਮਾਰਗਾਂ ’ਤੇ ਸਾਰੇ ਮਾਨਵਰਹਿਤ ਰੇਲਵੇ ਫਾਟਕ ਖਤਮ ਕਰ ਦਿੱਤੇ ਜਾਣਗੇ।





# ਪੂੰਜੀਗਤ ਖਰਚ ਵਿੱਚ ਬੇਮਿਸਾਲ ਵਾਧਾ

2009-14 ਦੇ ਮੁਕਾਬਲੇ 2014-19 ਵਿੱਚ ਦੁਗਣੇ ਤੋਂ ਜ਼ਿਆਦਾ ਔਸਤ ਸਾਲਾਨਾ ਪੂੰਜੀਗਤ ਖਰਚ।




*ਬਜਟ ਅਨੁਮਾਨ 2018-19 ਸਮੇਤ



"ਮਨੁੱਖ ਆਪਣੀ ਕਿਸਮਤ ਖ਼ੁਦ ਬਣਾਉਂਦਾ ਹੈ। ਇਸਲਈ ਮੈਂ ਤਹਾਨੂੰ ਖ਼ੁਦ ਆਪਣੀ ਕਿਸਮਤ ਬਣਾਉਣ ਦੀ ਬੇਨਤੀ ਕਰਦਾ ਹਾਂ।"


– ਮਹਾਤਮਾ ਗਾਂਧੀ

## ਸਮਰੱਥਾ ਵਿੱਚ ਵਾਧਾ:


# ਭਵਿੱਖ ਲਈ ਬੁਨਿਆਦੀ ਢਾਂਚੇ ਦਾ ਨਿਰਮਾਣ

### ਰੇਲ ਲਾਈਨਾਂ ਦੀ ਕਮੀਸ਼ਨਿੰਗ ਵਿੱਚ ਤੇਜ਼ੀ

ਨਵੀਂ ਲਾਈਨ/ਦੁਹਰੀਕਰਣ/ਤੀਜੀ ਅਤੇ ਚੌਥੀ ਲਈਨ ਨਿਰਮਾਣ ਪ੍ਰੋਜੈਕਟਾਂ ਦੀ ਔਸਤ ਕਮਿਸ਼ਨਿੰਗ ਦਰ 4.1 ਕਿਮੀ ਰੋਜ਼ਾਨਾ (2009-14) ਤੋਂ 59% ਵਧ ਕੇ 6.53 ਕਿਮੀ ਰੋਜ਼ਾਨਾ (2014-18)



4.1 ਕਿਮੀ ਰੋਜ਼ਾਨਾ (2009-14)



6.53 ਕਿਮੀ ਰੋਜ਼ਾਨਾ (2014-18)

# ਭਾਰਤ ਨੂੰ ਜੋੜਨ ਦੀ ਪਹਿਲ ਐਕਟ ਈਸਟ ਨੀਤੀ

ਪੂਰਬ ਉੱਤਰ ਵਿੱਚ ਸੰਪੂਰਣ ਨੈਟਵਰਕ ਬ੍ਰੌਡ ਗੇਜ਼ਵਿੱਚ ਤਬਦੀਲ

ਜਿਰੀਬਾਮ-ਇਮਫਾਲ ਨਵੇਂ ਰੇਲ ਲਾਈਨ ਪ੍ਰੋਜੈਕਟ ਤਹਿਤ ਵਿਸ਼ਵ ਦੇ ਸਭ ਤੋਂ ਉੱਚੇ ਪੁਲਾਂ ਵਿੱਚੋਂ ਇੱਕ ਦਾ ਨਿਰਮਾਣ ਜਾਰੀ

ਮੇਘਾਲਿਆ (ਦੁਧਨੋਈ-ਮੇਂਦੀਪਾਥਰ), ਤ੍ਰਿਪੁਰਾ (ਕੁਮਾਰਘਾਟ-ਅਗਰਤਲਾ) ਅਤੇ ਮਿਜ਼ੋਰਮ (ਕਥਕਲ-ਭੈਰਬੀ) ਦੇ ਨਾਲ ਰੇਲ ਸੰਪਰਕ ਸਥਾਪਿਤ

ਰੁ 51,428 ਕਰੋੜ ਦੀ ਲਾਗਤ ਵਾਲੇ 1,397 ਕਿਮੀ ਲੰਮੇ ਰੇਲ ਪ੍ਰੋਜੈਕਟ ਪ੍ਰਗਤੀ 'ਤੇ।

# ਉਪਨਗਰੀ ਨੈਟਵਰਕ 'ਤੇ ਵਿਸ਼ੇਸ਼ ਜ਼ੋਰ

## ਬਜਟ 2018-19 ਵਿੱਚ ਰੁ 17,000 ਕਰੋੜ ਦੀ ਲਾਗਤ ਨਾਲ ਬੈਂਗਲੁਰੂ ਉਪਨਗਰੀ ਨੈਟਵਰਕ ਦਾ ਵਿਕਾਸ

ਲਗਭਗ 15 ਲੱਖ ਰੋਜ਼ਾਨਾ ਮੁਸਾਫ਼ਰਾਂ ਨੂੰ ਲਾਭ


ਏਅਰ ਕੰਡੀਸ਼ਨਡ ਕੋਚਾਂ ਵਾਲੀ ਆਧੁਨਿਕ ਪ੍ਰਣਾਲੀ, ਅਤਿ ਆਧੁਨਿਕ ਸਿਗਨਲਿੰਗ ਅਤੇ ਨਵੇਂ ਸਟੇਸ਼ਨ

## ਬਜਟ 2018-19 ਵਿੱਚ ਰੁ 54,777 ਕਰੋੜ ਦੀ ਲਾਗਤ ਨਾਲ ਮੁੰਬਈ ਉਪਨਗਰੀ ਪ੍ਰਣਾਲੀ ਵਿੱਚ ਸੁਧਾਰ

ਨਵੇਂ ਕੱਰਿਡੋਰ, ਵਾਧੂਲਾਈਨਾਂ/ਵਿਸਥਾਰ ਅਤੇ ਬਿਹਤਰੀਨ ਸਿਗਨਲਿੰਗ

ਏਅਰ ਕੰਡੀਸ਼ਨਡ ਕੋਚਾਂ ਅਤੇ ਵਿਕਸਿਤ ਸਟੇਸ਼ਨਾਂ ਨਾਲ ਮੁਸਾਫ਼ਰਾਂ ਲਈ ਸਹੂਲਤ ਵਿੱਚ ਵਾਧਾ





# ਭਾਰਤ ਦੀ ਪਹਿਲੀ ਬੁਲੇਟ ਟ੍ਰੇਨ

## ਮੁੰਬਈ-ਅਹਿਮਦਾਬਾਦ ਹਾਈ ਸਪੀਡ ਰੇਲ

ਇੱਕ ਮਿੰਟ ਤੋਂ ਘੱਟ ਦੇਰੀ ਦੇ ਰਿਕਾੱਰਡ ਵਾਲੀ ਸ਼ਿੰਕਾਨਸੇਨ ਤਕਨੀਕ - 50 ਸਾਲਾਂ ਵਿੱਚ ਕੋਈ ਵੀ ਜਾਨੀ ਨੁਕਸਾਨ ਨਹੀਂ

ਸਫ਼ਰ ਦੇ ਸਮੇਂ ਵਿੱਚ ਕਮੀ - ਲਗਭਗ 8 ਘੰਟੇ ਤੋਂ 2 ਘੰਟੇ

ਜਾਪਾਨ ਸਰਕਾਰ ਦੁਆਰਾ ਬਹੁਤ ਘੱਟ ਵਿਆਜ਼ਦਰ 'ਤੇ ਰਕਮ ਦੀ ਉਪਲਬਧਤਾ ਇਸਨੂੰ ਸਹਿਣ ਕਰਨਯੋਗ ਬਣਾਉਂਦੀ ਹੈ।

ਪ੍ਰੱਤਖ ਅਤੇ ਅਪ੍ਰੱਤਖ ਰੋਜ਼ਗਾਰ ਦੇ ਵੱਡੇ ਮੌਕੇ

ਮੇਕ ਇਨ ਇੰਡੀਆ ਨਾਲ ਭਾਰਤ ਹਾਈ ਸਪੀਡ ਤਕਨੀਕ ਵਿੱਚ ਮੋਹਰੀ ਬਣੇਗਾ।

> "ਜੀਵਨ ਇੱਕ ਅਭਿਲਾਸ਼ਾ ਹੈ ਜਿਸਦਾ ਉਦੇਸ਼ ਪੂਰਣਤਾ ਨੂੰ ਹਾਸਲ ਕਰਨਾ ਹੈ ਅਤੇ ਇਹੀ ਆਤਮਬੋਧ ਹੈ।"
>
> – ਮਹਾਤਮਾ ਗਾਂਧੀ

# ਮੇਕ ਇਨ ਇੰਡੀਆ

## ਬਿਹਾਰ ਦੇ ਮਧੇਪੁਰਾ ਵਿੱਚ ਇਲੈਕਟ੍ਰਿਕ ਲੋਕੋਮੋਟਿਵ ਕਾਰਖਾਨਾ





ਹਲਦੀਆ ਵਿੱਚ ਡੀਜ਼ਲ ਇਲੈਕਟ੍ਰਿਕ ਮਲਟੀਪਲ ਯੂਨਿਟ (ਡੇਮੂ) ਰੇਕ ਕਾਰਖਾਨਾ

### ਆਗਾਮੀ ਪ੍ਰੋਜੈਕਟ

ਮਰਾਠਵਾੜਾ ਦੇ ਲਾਤੂਰ ਵਿੱਚ ਉਪਨਗਰੀ ਅਤੇ ਮੈਟਰੋ ਟ੍ਰੇਨਾਂ ਲਈ ਕੋਚ ਨਿਰਮਾਣ ਕਾਰਖਾਨਾ

ਅਸਮ ਦੇ ਨਿਯੂਬੋਂਗਾਈਗਾਂਵ ਵਿੱਚ ਐਲ ਐਚ ਬੀ ਕੋਚਾਂ ਦੇ ਨਵੀਨੀਕਰਣ ਲਈ ਕਾਰਖਾਨਾ ਮਨਜ਼ੂਰ

ਅਸਮ ਵਿੱਚ ਲਮਡਿੰਗ ਵਿੱਚ ਡੇਮੂ/ਮੇਨਲਾਈਨ ਈਐਮਯੂਸ਼ੈਡ ਮਨਜ਼ੂਰ

ਬੁੰਦੇਲਖੰਡ ਦੇ ਝਾਂਸੀ ਅਤੇ ਹਰਿਆਣਾ ਦੇ ਸੋਨੀਪਤ ਵਿੱਚ ਕੋਚ ਨਵੀਨੀਕਰਣ ਕਾਰਖਾਨਿਆਂ ਦੀ ਯੋਜਨਾ

"ਆਪਣੇ ਸਾਥੀਆਂ ਦੇ ਪ੍ਰਤੀ ਕੀਤੀ ਗਈ ਭਲਾਈ ਹੀ ਇਨਸਾਨ ਦੀ ਸੱਚੀ ਦੌਲਤ ਹੈ।"

– ਮਹਾਤਮਾ ਗਾਂਧੀ

# ਬਿਜਲੀਕ੍ਰਿਤ ਰੇਲਵੇ

ਕਿਸੇ ਇੱਕ ਸਾਲ ਵਿੱਚ ਹੁਣ ਤਕ ਦਾ ਸਭ ਤੋਂ ਵੱਧ ਬਿਜਲੀਕਰਣ




## ਗਤੀ

ਵਿਸ਼ਵ ਵਿੱਚ ਪਹਿਲੀ ਵਾਰ ਲੋਕੋਮੋਟਿਵ ਦਾ ਡੀਜ਼ਲ ਤੋਂ ਬਿਜਲੀ ਟ੍ਰੈਕਸ਼ਨ ਵਿੱਚ ਬਦਲਾਵ

5,000 ਹਾਰਸ ਪਾਵਰ ਦਾ ਨਵਾਂ ਸਵਦੇਸ਼ੀ ਬਿਜਲੀ ਲੋਕੋਮੋਟਿਵ- ਪੁਰਾਣੇ ਸਰੂਪ ਨਾਲੋਂ 92% ਜ਼ਿਆਦਾ ਸ਼ਕਤੀਸ਼ਾਲੀ

ਮਾਲਗੱਡੀਆਂ ਦੀ ਬਿਹਤਰ ਊਰਜਾ ਸਮਰੱਥਾ ਅਤੇ ਗਤੀ ਲਈ ਨਵੀਂ ਪੀੜ੍ਹੀ ਦੇ 12,000 ਹਾਰਸ ਪਾਵਰ ਸਮਰੱਥਾ ਦੇ ਲੋਕੋਮੋਟਿਵ ਦਾ ਨਿਰਮਾਣ

## ਬਚਤ

ਊਰਜਾ ਸਮਰੱਥਾ ਨਾਲ ਈਧਨ ਖਰਚ ਵਿੱਚ ਕਮੀ

ਪੂਰਣ ਬਿਜਲੀਕਰਣ ਨਾਲ ਲਗਭਗ ਰੁ 13,500 ਕਰੋੜ ਦੀ ਸਾਲਾਨਾ ਬਚਤ ਦੀ ਉਮੀਦ

ਭਾਰਤ ਦੀ ਊਰਜਾ ਸੁਰੱਖਿਆ ਵਿੱਚ ਯੋਗਦਾਨ ਅਤੇ ਵਪਾਰ ਘਾਟੇ ਵਿੱਚ ਸੁਧਾਰ

## ਸਸਟੇਨੇਬਿਲਟੀ

ਕਾਰਬਨ ਨਿਕਾਸੀ ਵਿੱਚ ਕਮੀ ਅਤੇ ਸਸਟੇਨੇਬਲ ਚੁਗਿਰਦੇ ਨੂੰ ਉਤਸ਼ਾਹ

# ਨਵੀਂ ਰੇਲ, ਨਵੀਂ ਸਿਗਨਲਿੰਗ


ਭਾਰਤੀ ਰੇਲਾਂ 'ਤੇ ਆਧੁਨਿਕ ਸਿਗਨਲਿੰਗ ਪ੍ਰਣਾਲੀਆਂ ਅਪਨਾਈਆਂ ਜਾਣਗੀਆਂ


2017-18 ਵਿੱਚ ਸਿਗਨਲਿੰਗ ਪ੍ਰਣਾਲੀ ਨੂੰ ਸੁਧਾਰਣ ਲਈ ਰੁ 1299 ਕਰੋੜ ਦਾ ਪੂੰਜੀਨਿਵੇਸ਼

ਪਿਛਲੇ ਸਾਲ ਦੇ ਮੁਕਾਬਲੇ 31% ਜ਼ਿਆਦਾ

2017-18 ਵਿੱਚ 208 ਸਟੇਸ਼ਨ 'ਤੇ ਅਤਿ ਆਧੁਨਿਕ ਇਲੈਕਟ੍ਰੌਨਿਕ ਇੰਟਰਲੌਕਿੰਗ ਪ੍ਰਣਾਲੀ ਲਗਾਈ ਗਈ


ਪਿਛਲੇ ਸਾਲ ਦੇ ਮੁਕਾਬਲੇ 26% ਜ਼ਿਆਦਾ





# ਭਾਰਤੀ ਅਰਥਵਿਵਸਥਾ ਦਾ ਵਾਹਕ: ਮਾਲਭਾੜਾ




## 2022 ਤਕ ਮਾਲਭਾੜਾ ਢੋਆਢੁਆਈ ਵਿੱਚ ਬਜ਼ਾਰ ਹਿੱਸੇਦਾਰੀ 33% ਤੋਂ ਵਧਾ ਕੇ 45% ਕਰਨ ਦਾ ਟੀਚਾ

ਇੰਫ੍ਰਾਸਟ੍ਰਕਚਰ ਅਤੇ ਮਾਲਭਾੜਾ ਢੋਆਢੁਆਈ ਦੇ ਸੰਚਾਲਨ ਵਿੱਚ ਨਿਜੀ ਭਾਗੀਦਾਰੀ ਨੂੰ ਉਤਸ਼ਾਹ

ਪ੍ਰਾਈਵੇਟ ਫ੍ਰੇਟ ਟਰਮੀਨਲ (ਪੀ ਐਫ ਟੀ) ਨੀਤੀ - ਹੁਣ ਤਕ 58 ਪੀ ਐਫ ਟੀ ਅਧਿਸੂਚਿਤ

ਵੈਗਨਾਂ ਵਿੱਚ ਨਿਜੀ ਪੂੰਜੀ ਨਿਵੇਸ਼ ਨੂੰ ਉਤਸ਼ਾਹਤ ਕਰਨ ਵਾਲੀ ਨੀਤੀ ਜਾਰੀ

2013-14 ਦੇ 1052 ਮਿਲੀਯਨ ਟਨ ਦੇ ਮੁਕਾਬਲੇ 2017-18 ਵਿੱਚ 1,162 ਮਿਲੀਯਨ ਟਨ ਮਾਲਭਾੜਾ ਲਦਾਨ - ਹੁਣ ਤਕ ਦਾ ਬਿਹਤਰੀਨ, 10.5% ਦਾ ਵਾਧਾ

2017-18 ਵਿੱਚ ਮਾਲਭਾੜੇ ਰਾਹੀਂ ਰੁ 1.17 ਲੱਖ ਕਰੋੜ ਦੀ ਆਮਦਨ ਦੀ ਉਮੀਦ - ਹੁਣ ਤਕ ਦੀ ਸਭ ਤੋਂ ਜ਼ਿਆਦਾ, ਪਿਛਲੇ ਸਾਲ ਤੋਂ 12% ਜ਼ਿਆਦਾ



# ਭਾਰਤੀ ਅਰਥਵਿਵਸਥਾ ਦਾ ਵਾਹਕ: ਡੀਐਫਸੀ








## ਡੈਡਿਕੇਟਿਡ ਫ੍ਰੇਟ ਕੱਾਰਿਡੋਰ (ਡੀਐਫਸੀ)


2,822 ਕਿਮੀ ਲੰਮੇ ਪੱਛਮੀ ਅਤੇ ਪੂਰਬੀ ਡੀ ਐਫ ਸੀ ਦੀ 2019–20 ਤਕ ਪੜਾਵਾਂ ਵਿੱਚ ਕਮਿਸ਼ਨਿੰਗ

ਮਾਰਚ 2014 ਤਕ ਵੰਡੇ ਗਏ ਰੁ 12,749 ਕਰੋੜ ਦੇ ਠੇਕਿਆਂ ਦੇ ਮੁਕਾਬਲੇ ਪਿਛਲੇ 4 ਸਾਲਾਂ ਵਿੱਚ 39,157 ਕਰੋੜ ਦੇ ਠੇਕੇ ਵੰਡੇ ਗਏ (200 ਤੋਂ ਜ਼ਿਆਦਾ ਦਾ ਵਾਧਾ)

ਮਾਲ ਦੀ ਢੋਆਢੁਆਈ ਦੇ ਸਫ਼ਰ ਦਾ ਸਮਾਂ ਅਤੇ ਢੁਲਾਈ ਲਾਗਤ ਵਿੱਚ ਕਮੀ ਅਤੇ ਮੌਜੂਦਾ ਨੈਟਵਰਕ 'ਤੇ ਘੱਟ ਦਬਾਅ

ਕਾਰਖਾਨਿਆਂ ਅਤੇ ਫਾਰਮਾਂ ਨੂੰ ਬੰਦਰਗਾਹਾਂ ਨਾਲ ਜੋੜਨ ਨਾਲ ਵਿਕਾਸ ਅਤੇ ਰੋਜ਼ਗਾਰ ਸਿਰਜਣ

ਆਰਥਿਕ ਵਿਕਾਸ ਦੇ ਕੇਂਦਰਾਂ ਦਾ ਸਿਰਜਣ









"ਸਵੱਛਤਾ ਭਗਤੀ ਤੋਂ ਬਾਅਦ ਦੂਜੀ ਸਭ ਤੋਂ ਮਹੱਤਵਪੂਰਦ ਚੀਜ਼ਹੈ"

– ਮਹਾਤਮਾ ਗਾਂਧੀ

# ਸਟੇਸ਼ਨ ਵਿਕਾਸ

## ਭਵਿੱਖ ਵੱਲ ਇੱਕ ਛਲਾਂਗ

### ਵਿਸ਼ਵ ਪੱਧਰੀ ਸਹੂਲਤਾਂ ਨਾਲ ਭਰਪੂਰ ਸਟੇਸ਼ਨਾਂ ਦਾ ਵਿਕਾਸ


ਮੁਸਾਫ਼ਰਾਂ ਲਈ ਬਿਹਤਰ ਸਹੂਲਤਾਂ ਲਈ ਸਟੇਸ਼ਨਾਂ ਦਾ ਪੁਨਰਵਰਗੀਕਰਣ ਆਮਦਨ, ਮੁਸਾਫ਼ਰਾਂ ਦੀ ਆਵਾਜਾਈ, ਨੀਤੀਗਤ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਵਧੇਰੇ ਵਸਤੁਨਿਸ਼ਠ ਮਾਪਦੰਡ

ਮਾਰਚ, 2019 ਤਕ ਰੇਲਵੇ ਦੁਆਰਾ 68 ਸਟੇਸ਼ਨਾਂ ਦਾ ਸੁਧਾਰ

ਸਥਾਨਕ ਕਲਾ ਦੁਆਰਾ ਹੁਣ ਤਕ 60 ਸਟੇਸ਼ਨਾਂ ਦਾ ਸੁੰਦਰੀਕਰਣ

ਮੱਧ ਪ੍ਰਦੇਸ਼ ਦੇ ਹਬੀਬਗੰਜ ਅਤੇ ਗੁਜਰਾਤ ਦੇ ਗਾਂਧੀਨਗਰ ਸਟੇਸ਼ਨਾਂ ਦਾ ਦਸੰਬਰ 2018 ਤਕ ਪੁਨਰਵਿਕਾਸ

ਸਾਰੇ ਰੇਲਵੇ ਸਟੇਸ਼ਨ 100% ਐਲ ਈ ਡੀ ਲਾਈਟਾਂ ਨਾਲ ਰੋਸ਼ਨ








# ਯਾਦਗਾਰ ਸਫ਼ਰ

## ਮੁਸਾਫ਼ਰ ਡੱਬਿਆਂ ਵਿੱਚ ਸੁਧਾਰ

ਮਾਰਚ, 2019 ਤਕ, ਮੇਲ/ਪੈਸੇਂਜਰ ਟ੍ਰੇਨਾਂ ਦੇ 5,000 ਕੋਚਾਂ ਵਿੱਚ ਅੰਦਰੂਨੀ ਸੁਧਾਰ

## ਆਧੁਨਿਕ ਟ੍ਰੇਨਾਂ/ਕੋਚ

ਪਹਿਲੇ ਸਵਦੇਸ਼ੀ ਟ੍ਰੇਨ-ਸੈਟ ਦੀ ਇਸ ਸਾਲ ਕਮਿਸ਼ਨਿੰਗ

ਤੇਜਸ, ਅੰਤੋਦਿਆ ਅਤੇ ਹਮਸਫ਼ਰ ਟ੍ਰੇਨਾਂ ਸ਼ੁਰੂ

ਡਬਲ ਡੈਕਰ ਉਦੇ ਰੇਕ ਸੇਵਾ ਲਈ ਤਿਆਰ

ਆਧੁਨਿਕ ਵਿਸ਼ੇਸ਼ਤਾਵਾਂ ਵਾਲਾ ਦੀਨਦਿਆਲੁ ਅਤੇ ਅਨੁਭੂਤਿ ਕੋਚ

ਸੈਲਾਨੀਆਂ ਦੁਆਰਾ ਸੁੰਦਰ ਨਜ਼ਾਰਿਆਂ ਦਾ ਮਜ਼ਾ ਲੈਣ ਲਈ ਚੁਣੇ ਗਏ ਰਾਹਾਂ 'ਤੇ ਪਾਰਦਰਸ਼ੀ ਛੱਤ ਵਾਲੇ ਵਿਸਟਾਡੋਮ ਕੋਚ








# ਮੁਸਾਫ਼ਰ ਸੇਵਾਵਾਂ ਵਿੱਚ ਵਾਧਾ

## ਨਵੀਂਆਂ ਰੇਲਗੱਡੀਆਂ

ਪਿਛਲੇ 4 ਸਾਲਾਂ ਵਿੱਚ 407 ਨਵੀਂਆਂ ਟ੍ਰੇਨ ਸੇਵਾਵਾਂ

ਤਿਓਹਾਰਾਂ ਦੌਰਾਨ ਮੰਗ ਨੂੰ ਪੂਰਾ ਕਰਨ ਲਈ ਪਿਛਲੇ 4 ਸਾਲਾਂ ਵਿੱਚ 1.37 ਲੱਖ ਰੇਲ ਸੇਵਾਵਾਂ

ਰੋਲਿੰਗ ਸਟੱਾਕ ਦੇ ਬਿਹਤਰ ਉਪਯੋਗ, ਅਸਾਸਿਆਂ ਦੇ ਦੋਹਨ ਅਤੇ ਪੜਾਅ ਮਿਆਦ ਦੇ ਉਪਯੋਗ ਨਾਲ 22 ਨਵੀਂਆਂ ਰੇਲਗੱਡੀਆਂ ਅਤੇ 44 ਰੇਲਗੱਡੀਆਂ ਦਾ ਵਿਸਥਾਰ

## ਥਰਡ ਪਾਰਟੀ ਦੁਆਰਾ ਜਾਂਚ

100 ਗੁਪਤ ਗਾਹਕਾਂ ਦੁਆਰਾ ਮੁਸਾਫ਼ਰ ਸਹੂਲਤਾਂ, ਖਾਣਪੀਣ, ਸਵੱਛਤਾ ਅਤੇ ਸਮਾਂ ਪਾਲਣ ਦੀ ਨਿਗਰਾਨੀ

## ਸਮਾਂ ਪਾਲਣ


ਇੰਫ੍ਰਾਸਟ੍ਰਕਚਰ ਅਤੇ ਸੁਰੱਖਿਆ ਕਾਰਜਾਂ ਨੂੰ ਦਿੱਤੀ ਜਾ ਰਹੀ ਤਰਜੀਹ ਦੇ ਕਾਰਨ ਥੋੜੇ ਸਮੇਂ ਵਿੱਚ ਸਮਾਂ ਪਾਲਣ ਪ੍ਰਭਾਵਿਤ

ਪਰ, ਲੰਮੇਂ ਸਮੇਂ ਵਿੱਚ ਇਸ ਨਾਲ ਰੇਲਗੱਡੀਆਂ ਦੀ ਤੇਜ਼ਆਵਾਜਾਈ ਸੰਭਵ ਹੋ ਸਕੇਗੀ।


ਪਰਿਚਾਲਨ ਸਮੇਂ ਵਿੱਚ ਕਮੀ ਅਤੇ ਯੋਜਨਾਬੱਧ ਮੇਂਟੇਨੈਂਸ ਬਲੱਾਕ ਨਾਲ ਰੇਲਗੱਡੀਆਂ ਦੀ ਬਿਹਤਰ ਟਾਈਮ ਟੇਬਲਿੰਗ

ਮੁਸਾਫ਼ਰਾਂ ਨੂੰ ਰੇਲਗੱਡੀਆਂ ਦੀ ਦੇਰੀ ਦੀ ਸੂਚਨਾ ਦੇਣ ਲਈ 1373 ਰੇਲਗੱਡੀਆਂ ਵਿੱਚ ਐਸ ਐਮ ਐਸ ਸੇਵਾ ਸ਼ੁਰੂ





# ਵਿਸ਼ਵ ਪੱਧਰੀ ਮੁਸਾਫ਼ਰ ਸਹੂਲਤਾਂ




## ਐਸਕੇਲੇਟਰ ਅਤੇ ਲਿਫਟ

ਸੁਵਿਧਾਜਨਕ ਯਾਤਰੀ ਆਵਾਜਾਈ ਵਿੱਚ ਸਹਾਇਕ



# ਡਿਜੀਟਲ ਭਾਰਤ, ਡਿਜੀਟਲ ਰੇਲ



### 675 ਤੋਂ ਵੱਧ ਸਟੇਸ਼ਨਾਂ 'ਤੇ ਹਾਈ ਸਪੀਡ ਵਾਈ-ਫਾਈ ਸੇਵਾ

ਸਾਰੇ ਸਟੇਸ਼ਨਾਂ 'ਤੇ ਵਾਈ-ਫਾਈ ਸੇਵਾ ਉਪਲਬਧ ਹੋਏਗੀ।

ਸਟੇਸ਼ਨ ਦੇ ਨੇੜੇ ਦੇ ਖੇਤਰਾਂ ਤੋਂ ਨੌਜਵਾਨਾਂ, ਔਰਤਾਂ, ਕਿਸਾਨਾਂ ਅਤੇ ਪਿੰਡਾ ਦੇ ਲੋਕਾਂ ਨੂੰ ਲਾਭ ਹੋਵੇਗਾ।



### ਕੈਸ਼ਲੈਸ ਲੈਣ-ਦੇਣ ਲਈ ਪੁਆਇੰਟ ਆੱਫ ਸੇਲ (ਪੀ ਓ ਐਸ) ਮਸ਼ੀਨਾਂ

ਲਗਭਗ 4000 ਥਾਂਵਾਂ 'ਤੇ 9,100 ਪੀ ਓ ਐਸ ਮਸ਼ੀਨਾਂ

ਨੋ ਬਿਲ, ਫ੍ਰੀ ਫੂਡ ਨੀਤੀ : ਲਾਜ਼ਮੀ ਬਿਲਿੰਗ ਲਈ ਪੀ ਓ ਐਸ ਮਸ਼ੀਨਾਂ

ਈ-ਟਿਕਟਿੰਗ ਦੀ ਸਮਰੱਥਾ 2014 ਵਿੱਚ 2,000 ਟਿਕਟ ਪ੍ਰਤੀ ਮਿੰਟ ਤੋਂ ਵਧਾ ਕੇ 2018 ਵਿੱਚ ਅਨੁਮਾਨਿਤ 20,000 ਟਿਕਟ ਪ੍ਰਤੀ ਮਿੰਟ

ਬੁਕਿੰਗ ਕਾਉਂਟਰਾਂ 'ਤੇ ਕ੍ਰੈਡਿਟ ਅਤੇ ਡੇਬਿਟ ਕਾਰਡਾਂ ਦੁਆਰਾ ਖ਼ਰੀਦੀਆਂ ਗਈਆਂ ਟਿਕਟਾਂ 'ਤੇ ਸਰਵਿਸ ਚਾਰਜ ਹਟਾਇਆ ਗਿਆ

ਸੋਸ਼ਲ ਮੀਡੀਆ ਦੁਆਰਾ ਯਾਤਰੀ ਸ਼ਿਕਾਇਤਾਂ ਦਾ ਰਿਅਲ ਟਾਈਮ ਸਮਾਧਾਨ










# ਖਾਣਪੀਣ

2017-18 ਵਿੱਚ ਹੁਣ ਤਕ 16 ਬੇਸ ਕਿਚਨਾਂ ਵਿੱਚ ਸੁਧਾਰ

ਬੇਸ ਕਿਚਨਾਂ ਵਿੱਚ ਗੁਣਵੱਤਾ ਅਤੇ ਸਵੱਛਤਾ ਨੂੰ ਸੁਧਾਰਣ ਲਈ ਆਰਟੀਫਿਸ਼ਿਅਲ ਇੰਟੈਲਿਜੈਂਸ ਦੁਆਰਾ ਖਾਣੇ ਦੀ ਤਿਆਰੀ 'ਤੇ ਨਿਗਰਾਨੀ

314 ਸਟੇਸ਼ਨਾਂ 'ਤੇ ਈ-ਕੈਟਰਿੰਗ ਸ਼ੁਰੂਅਤੇ 100 ਹੋਰ ਸਟੇਸ਼ਨਾਂ ਦੀ ਯੋਜਨਾ। 7,000 ਤੋਂ ਵੱਧ ਥਾਲੀਆਂ ਰੋਜ਼ਾਨਾ

300 ਤੋਂ ਵੱਧ ਰੇਲਗੱਡੀਆਂ ਵਿੱਚ ਸਾਰੀਆਂ ਖੁਰਾਕੀ ਸਮੱਗਰੀਆਂ 'ਤੇ ਐਮ ਆਰ ਪੀ ਛਾਪਣਾ ਲਾਜ਼ਮੀ

ਰੇਲਵੇ ਵਿੱਚ ਟਿਪ ਮੰਗਣ 'ਤੇ ਰੋਕ

32 ਰਾਜਧਾਨੀ, ਸ਼ਤਾਬਦੀ, ਦੁਰੰਤੋ ਅਤੇ ਗਤੀਮਾਨ ਟ੍ਰੇਨਾਂ ਵਿੱਚ ਕੈਟਰਿੰਗ ਸੁਵਿਧਾ ਵਿਕਲਪਕ ਬਣਾਈ ਗਈ।

600 ਸਟੇਸ਼ਨਾਂ 'ਤੇ 1,689 ਵੱਟਰ ਵੈਂਡਿੰਗ ਮਸ਼ੀਨਾਂ।

ਸਵੱਛ ਭਾਰਤ
ਇੱਕ ਕਦਮ ਸਵੱਛਤਾ ਵੱਲ

# ਸਵੱਛਤਾ ਹੀ ਸੇਵਾ

488 ਸਟੇਸ਼ਨਾਂ 'ਤੇ ਏਕੀਕ੍ਰਿਤ ਮਸ਼ੀਨੀ ਸਾਫ਼-ਸਫਾਈ ਦਾ ਪ੍ਰਬੰਧ

ਮਾਰਚ 2019 ਤਕ ਸਾਰੇ ਉਪਨਗਰੀ ਅਤੇ ਵੱਡੇ ਸਟੇਸ਼ਨਾਂ 'ਤੇ ਮਸ਼ੀਨਾਂ ਦੁਆਰਾ ਸਾਫ਼ਸਫਾਈ

---

ਧੋਤੇ ਹੋਏ ਲਿਨੇਨ ਦੀ ਗੁਣਵੱਤਾ ਵਿੱਚ ਸੁਧਾਰ ਲਈ ਮਸ਼ੀਨੀਕ੍ਰਿਤ ਲਾਂਡ੍ਰੀ : 2009–14 ਵਿੱਚ 26 ਦੇ ਮੁਕਾਬਲੇ 2014–18 ਵਿੱਚ 33 ਦਾ ਪ੍ਰਬੰਧ

ਦਸੰਬਰ, 2019 ਤਕ ਧੋਤੇ ਹੋਏ ਲਿਨੇਨ ਦੀ ਗੁਣਵੱਤਾ ਵਿੱਚ ਸੁਧਾਰ ਲਈ 100% ਮਸ਼ੀਨੀਕ੍ਰਿਤ ਲਾਂਡ੍ਰੀ

---

ਟੀਚੇ ਤੋਂ ਵੱਧ ਬਾਇਓ-ਟਾਇਲੇਟ

ਸਥਾਪਿਤ ਬਾਇਓ-ਟਾਇਲੇਟ : 2004–14 ਵਿੱਚ 9,587 ਦੇ ਮੁਕਾਬਲੇ 2014–18 ਵਿੱਚ 1,17,164 ਮਾਰਚ, 2019 ਤਕ ਸਾਰੀਆਂ ਰੇਲਗੱਡੀਆਂ ਵਿੱਚ ਬਾਇਓ-ਟਾਇਲੇਟ। ਹਵਾਈ ਜਹਾਜ਼ਾਂ ਦੀ ਤਰਜ਼'ਤੇ ਵੈਕਯੁਮ ਬਾਇਓ-ਟੌਇਲੇਟ ਦੀ ਪਰਖ।

---

ਦਸੰਬਰ, 2018 ਤਕ ਵੱਡੇ ਸਟੇਸ਼ਨਾਂ 'ਤੇ ਸਸਤੀਆਂ ਦਰਾਂ ਵਾਲੀਆਂ ਸੈਨਿਟਰੀ ਪੈਡ ਡਿਸਪੈਂਸਿੰਗ ਮਸ਼ੀਨਾਂ।










## ਰੇਲਵੇ ਟ੍ਰੈਕ ਦੀ ਸਵੱਛਤਾ

ਦਿੱਲੀ ਵਿੱਚ ਆੱਟੋਮੈਟਿਕ ਰੇਲ-ਮਾਉਂਟਿਡ ਮਸ਼ੀਨ ਦੁਆਰਾ ਕੂੜੇ ਦੀ ਸਫਾਈ ਸ਼ੁਰੂ। ਪੂਰੇ ਭਾਰਤ ਵਿੱਚ ਅਜਿਹੀਆਂ ਮਸ਼ੀਨਾਂ ਲਗਾਉਣ ਦੀ ਯੋਜਨਾ

---

## ਸੁਤੰਤਰ ਥਰਡ ਪਾਰਟੀ ਸਰਵੇਖਣ

ਸਟੇਸ਼ਨਾਂ ਅਤੇ ਰੇਲਗੱਡੀਆਂ ਵਿੱਚ ਸੁਤੰਤਰ ਥਰਡ ਪਾਰਟੀ ਸਰਵੇਖਣ ਸ਼ੁਰੂ

---

## ਹਾਉਸਕੀਪਿੰਗ ਠੇਕਿਆਂ ਲਈ ਨਵੀਂ ਪ੍ਰਣਾਲੀ

ਠੇਕੇਦਾਰਾਂ ਨੂੰ ਭੁਗਤਾਨ ਮੁਸਾਫ਼ਰਾਂ ਦੁਆਰਾ ਦਿੱਤੀ ਗਈ ਰੇਟਿੰਗ 'ਤੇ ਅਧਾਰਤ








# ਬਦਲਾਵ ਲਈ ਸੁਧਾਰ: ਪਾਰਦਰਸ਼ਿਤਾ ਅਤੇ ਜਵਾਬਦੇਹੀ

## ਸੇਵਾਸੰਬੰਧੀ ਠੇਕਿਆਂ ਦੀਆਂ ਆਮ ਸ਼ਰਤਾਂ ਜਾਰੀ

ਮੁਕਾਬਲੇ ਨੂੰ ਉਤਸ਼ਾਹਤ ਕਰਨ ਅਤੇ ਲਾਗਤ ਵਿੱਚ ਬਚਤ ਲਈ ਸੇਵਾ ਠੇਕੇਦਾਰਾਂ ਲਈ ਆਸਾਨ ਰਜਿਸਟ੍ਰੇਸ਼ਨ ਪ੍ਰਕ੍ਰਿਆ




## ਖ਼ਰੀਦ ਪ੍ਰਕ੍ਰਿਆ ਵਿੱਚ ਬਦਲਾਵ

ਈ-ਰਿਵਰਸ ਨੀਲਾਮੀ ਨੀਤੀ ਜਾਰੀ

**ਰੁ 20,000 ਕਰੋੜ ਦੀ ਸਾਲਾਨਾ ਬਚਤ ਵਿੱਚ ਸਹਾਇਕ ਹੋਏਗੀ**

---

ਸਿੰਗਲ ਵੈਬ-ਪੋਰਟਲ ਦੁਆਰਾ 100 ਈ-ਪ੍ਰੋਕਯੋਰਮੈਂਟ

**ਈ-ਪ੍ਰੋਕਯੋਰਮੈਂਟ ਪੋਰਟਲ ਦੁਆਰਾ 17 ਲੱਖ ਈ-ਟੈਂਡਰ ਜਾਰੀ**

---

2014 ਵਿੱਚ ਆਈ ਆਰ ਈ ਪੀ ਐਸ ਪੋਰਟਲ 'ਤੇ ਰਜਿਸਟਰਡ 19,867 ਵੈਂਡਰਾਂ ਦੇ ਮੁਕਾਬਲੇ 2018 ਵਿੱਚ 81,127 ਵੈਂਡਰ - 4 ਗੁਣਾ ਵਾਧਾ

---

ਜੀ ਈ ਐਮ (ਗਵਰਨਮੈਂਟ ਈ-ਮਾਰਕੇਟਪਲੇਸ) ਦੇ ਜ਼ਰੀਏ ਸਧਾਰਨ ਉਪਯੋਗ ਦੀਆਂ ਵਸਤਾਂ/ਸੇਵਾਵਾਂ ਦਾ ਪ੍ਰੋਕਯੋਰਮੈਂਟ ਲਾਜ਼ਮੀ।

## ਵੈਂਡਰਾਂ ਦੀ ਸੰਖਿਆ ਵਿੱਚ ਵਾਧਾ ਅਤੇ ਲਾਗਤ ਵਿੱਚ ਕਮੀ ਨਾਲ ਮੁਕਾਬਲੇ ਨੂੰ ਪ੍ਰੋਤਸਾਹਨ

ਰੇਲਵੇ ਦੁਆਰਾ ਠੇਕੇਦਾਰਾਂ ਨੂੰ ਫਰਸਟ ਇਨ ਫਰਸਟ ਆਉਟ ਦੀ ਪ੍ਰਣਾਲੀ 'ਤੇ ਭੁਗਤਾਨ

---

ਸਾਰੇ ਸਪਲਾਇਰਾਂ ਅਤੇ ਠੇਕੇਦਾਰਾਂ ਨੂੰ ਲੈਟਰ ਆੱਫ ਕ੍ਰੈਡਿਟ ਦੀ ਸਹੂਲਤ ਦੁਆਰਾ, ਵਰਕਿੰਗ ਕੈਪੀਟਲ ਪ੍ਰਾਪਤ ਕਰਨ ਵਿੱਚ ਸਹਾਇਤਾ

---

ਰੇਲਵੇ ਵਿੱਚ ਰਸੀਦੀ ਨੋਟ, ਸਪਲਾਇਰ ਬਿਲ ਅਤੇ ਰਸੀਦੀ ਚਲਾਨਾਂ ਦਾ ਡਿਜੀਟਲਕਰਣ

**ਇਸਦੇ ਤਹਿਤ ਲਗਭਗ ਰੁ 50,000 ਕਰੋੜ ਦੇ ਰਸੀਦੀ ਨੋਟ, ਰਸੀਦੀ ਚਲਾਨ**



"ਸੁਧਾਰ ਨਾਲ ਜਾਗਰੂਕਤਾ ਆਉਂਦੀ ਹੈ। ਅਸਲ ਵਿੱਚ ਜਾਗਰੂਕ ਹੋਣ 'ਤੇ ਰਾਸ਼ਟਰ ਸਿਰਫ ਇੱਕ ਖੇਤਰ ਵਿੱਚ ਸੁਧਾਰ ਤੋਂ ਸੰਤੁਸ਼ਟ ਨਹੀਂ ਹੋਏਗਾ।"

– ਮਹਾਤਮਾ ਗਾਂਧੀ

GeM
Government
e Marketplace

## ਸ਼ੋਧ ਡਿਜ਼ਾਈਨਸ ਅਤੇ ਮਿਆਰਾਂ ਬਾਰੇ ਸੰਗਠਨ (ਆਰਡੀਐਸਓ) ਵਿੱਚ ਆਸਾਨ ਪ੍ਰਵਾਨਗੀ ਪ੍ਰਕ੍ਰਿਆਵਾਂ

ਨਾਮਜ਼ਦ ਏਜੰਸੀਆਂ (ਆਰ ਡੀ ਐਸ ਓ ਉਤਪਾਦਨ ਈਕਾਈਆਂ ਆਦਿ) ਦੁਆਰਾ ਪ੍ਰਵਾਨਤ ਵੈਂਡਰਾਂ ਦਾ ਵਿਵਰਣ ਔਨਲਾਈਨ ਉਪਲਬਧ

---

ਪ੍ਰਕ੍ਰਿਆ ਸਮੇਂਸੀਮਾ 30 ਮਹੀਨੇ ਤੋਂ ਘਟਾ ਕੇ 6 ਮਹੀਨੇ ਕੀਤੀ ਗਈ।

# 13 ਲੱਖ ਤੋਂ ਵੱਧ ਰੇਲ ਮੁਲਾਜ਼ਮਾਂ ਦਾ ਪਰਿਵਾਰ

## ਫੀਲਡ ਅਧਿਕਾਰੀਆਂ ਦਾ ਸ਼ਕਤੀਕਰਣ

ਕਾਰਜਾਂ ਦੀ ਪ੍ਰਵਾਨਗੀ ਲਈ ਮਹਾਂਪ੍ਰਬੰਧਕਾਂ ਨੂੰ ਵੱਧ ਤੋਂ ਵੱਧ ਸੀਮਾ ਤਕ ਅਧਿਕਾਰ ਪ੍ਰਦਾਨ ਕੀਤੇ ਗਏ।

ਤੇਜ਼ਪ੍ਰਕ੍ਰਿਆ ਅਤੇ ਫੈਸਲੇ ਲਈ ਮੰਡਲ ਰੇਲ ਪ੍ਰਬੰਧਕਾਂ ਨੂੰ ਸੇਵਾ ਠੇਕਿਆਂ ਦੀਆਂ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ

ਵੈਂਡਰ ਪ੍ਰਵਾਨਗੀ ਦੇ ਵਿਕੇਂਦਰੀਕਰਣ ਦੁਆਰਾ ਉਤਪਾਦਨ ਈਕਾਈਆਂ ਦਾ ਉਹਨਾਂ ਸਾਧਨਾਂ ਦੇ ਵਿਕਾਸ ਅਤੇ ਪ੍ਰਬੰਧਨ ਲਈ ਸ਼ਕਤੀਕਰਣ

> "ਤੁਹਾਨੂੰ ਇਨਸਾਨੀਅਤ ਤੋਂ ਭਰੋਸਾ ਨਹੀਂ ਗੁਆਉਣਾ ਚਾਹੀਦਾ। ਇਨਸਾਨੀਅਤ ਇੱਕ ਸਾਗਰ ਦੀ ਤਰ੍ਹਾਂ ਹੈ ਜਿਸਦੀਆਂ ਕੁਝ ਬੂੰਦਾਂ ਜੇਕਰ ਗੰਦੀਆਂ ਹੋ ਜਾਣ ਤਾਂ ਵੀ ਸਾਗਰ ਗੰਦਾ ਨਹੀਂ ਹੁੰਦਾ"
>
> – ਮਹਾਤਮਾ ਗਾਂਧੀ

## ਮੁਲਾਜ਼ਮਾਂ ਦੀ ਭਲਾਈ ਵਿੱਚ ਸੁਧਾਰ

ਲੋਕੋ ਪਾਇਲਟ, ਗਾਰਡ, ਟੀ ਟੀ ਈ ਜਿਹੇ ਮੁਲਾਜ਼ਮਾਂ ਲਈ ਰਨਿੰਗ ਰੂਮ ਵਿੱਚ ਸੁਧਾਰ

ਮੁਲਾਜ਼ਮ ਕੱਲੋਨੀਆਂ ਅਤੇ ਕੰਮਕਾਜ ਦੇ ਸਥਾਨਾਂ ਵਿੱਚ ਸੁਧਾਰ

ਬਿਹਤਰ ਰਿਹਾਇਸ਼ੀ ਸਹੂਲਤ ਲਈ ਰੇਲਵੇ ਸੁਰੱਖਿਆ ਬਲ (ਆਰ ਪੀ ਐਫ) ਬੈਰਕਾਂ ਦਾ ਅਪਗ੍ਰੇਡੇਸ਼ਨ

ਸਾਰੇ ਮੁਲਾਜ਼ਮਾਂ ਦੀ ਸਾਲਾਨਾ ਚਿਕਿਤਸਾ ਜਾਂਚ (ਆਰ ਪੀ ਐਫ ਲਈ ਸਾਲ ਵਿੱਚ ਦੋ ਵਾਰ)

## ਖੇਡਾਂ ਵਿੱਚ ਭਾਰਤ ਦਾ ਮਾਣ

ਭਾਰਤ ਦੁਆਰਾ ਜਿੱਤੇ ਗਏ ਕੁਲ ਅੰਤਰਰਾਸ਼ਟਰੀ ਤਮਗਿਆਂ ਵਿੱਚੋਂ ਲਗਭਗ 33 ਰੇਲਵੇ ਦੇ ਖਿਡਾਰੀਆਂ ਨੇ ਦੁਆਏ।

ਰਾਸ਼ਟਰਮੰਡਲ ਖੇਡਾਂ, 2018 ਵਿੱਚ ਕੁਸ਼ਤੀ ਅਤੇ ਵੇਟਲਿਫਟਿੰਗ ਵਿੱਚ ਭਾਰਤ ਦੁਆਰਾ ਜਿੱਤੇ ਗਏ ਸਾਰੇ 10 ਸੋਨ ਤਮਗੇ ਰੇਲਵੇ ਦੇ ਖਿਡਾਰੀਆਂ ਨੇ ਦੁਆਏ।

ਓਲੰਪਿਕ 2016 ਵਿੱਚ ਸਾਕਸ਼ੀ ਮਲਿਕ ਨੇ ਕਾਂਸੀ ਦਾ ਤਮਗਾ ਜਿੱਤਿਆ।
















ਮੀਰਾਬਾਈ ਚਾਨੂ

# ਕੁਸ਼ਲ ਕਾਰਜਬਲ ਦਾ ਨਿਰਮਾਣ

## ਵਡੋਦਰਾ ਵਿੱਚ ਭਾਰਤ ਦੀ ਪਹਿਲੀ ਰਾਸ਼ਟਰੀ ਰੇਲ ਅਤੇ ਟ੍ਰਾਂਸਪੋਰਟ ਯੂਨਿਵਰਸਿਟੀ

ਕੁਸ਼ਲ ਮਾਨਵ ਸਾਧਨ ਦੇ ਸਰੋਤ ਦਾ ਨਿਰਮਾਣ

ਉਤਪਾਦਕਤਾ ਵਿੱਚ ਵਾਧਾ ਅਤੇ ਮੇਕ ਇਨ ਇੰਡੀਆ ਨੂੰ ਪ੍ਰੋਤਸਾਹਨ

ਭਾਰਤੀ ਰੇਲ ਆਧੁਨਿਕੀਕਰਣ ਦੇ ਰਾਹ 'ਤੇ ਵਧੀ

ਅਗਸਤ 2018 ਵਿੱਚ 2 ਪਾਠਕ੍ਰਮ ਸ਼ੁਰੂਕੀਤੇ ਜਾਣਗੇ – ਬੀ ਬੀ ਏ (ਟ੍ਰਾਂਸਪੋਰਟ ਪ੍ਰਬੰਧਨ) ਅਤੇ ਬੀ ਐਸ ਸੀ (ਟ੍ਰਾਂਸਪੋਰਟ ਤਕਨੀਕ)

2019 ਤੋਂ ਪੋਸਟ ਗ੍ਰੈਜੂਏਟ ਪਾਠਕ੍ਰਮ ਸ਼ੁਰੂਹੋਣ ਦੀ ਸੰਭਾਵਨਾ

ਨਵੀਨਤਮ ਸਿੱਖਿਆ ਪ੍ਰਣਾਲੀ ਅਤੇ ਤਕਨੀਕੀ ਉਪਯੋਗ ਦੇ ਜ਼ਰੀਏ ਬਿਹਤਰ ਕਾਰਜ ਸਮਰੱਥਾ ਅਤੇ ਉਤਪਾਦਕਤਾ













## ਪ੍ਰੋਜੈਕਟ ਸਕਸ਼ਮ

ਸਾਰੇ ਮੁਲਾਜ਼ਮਾਂ ਨੂੰ 5 ਦਿਨ ਦਾ ਕਾਰਜ ਸਥਾਨ/ਕਲਾਸ ਰੂਮ ਵਿੱਚ ਸਿਖਲਾਈ

## ਅਪ੍ਰੈਂਟਿਸ ਦੀ ਸਿਖਲਾਈ


ਰੇਲਵੇ ਦੁਆਰਾ ਹਰ ਸਾਲ, ਕੁਲ ਮੁਲਾਜ਼ਮ ਸੰਖਿਆ ਦੇ 5% ਦੇ ਬਰਾਬਰ, ਅਪ੍ਰੈਂਟਿਸ ਨੂੰ ਕੌਸ਼ਲ ਸਿਖਲਾਈ

ਅਪ੍ਰੈਂਟਿਸ ਦੀ ਸੰਖਿਆ ਲਗਭਗ 20,000 ਤੋਂ ਵਧਾ ਕੇ 31,000 ਕੀਤੀ ਗਈ।

# ਕੋਇਲਾ:
# ਰਾਸ਼ਟਰ ਦੇ ਵਿਕਾਸ ਦਾ ਈਂਧਨ

**ਕੋਇਲੇ ਦੀ ਖੋਜ ਲਈ ਲਗਭਗ ਦੁਗਣੀ ਡ੍ਰਿਲਿੰਗ: 2013–14 ਵਿੱਚ 6.9 ਲੱਖ ਮੀਟਰ ਦੇ ਮੁਕਾਬਲੇ 2017–18 ਵਿੱਚ 13.7 ਲੱਖ ਮੀਟਰ**

**ਪਿਛਲੇ 4 ਸਾਲਾਂ ਵਿੱਚ ਕੋਲ ਇੰਡੀਆ ਦੇ ਉਤਪਾਦਨ ਵਿੱਚ 105 ਮਿਲਿਯਨ ਟਨ ਦਾ ਵਾਧਾ ਹੋਇਆ, ਜੋ 2013–14 ਤੋਂ ਪਹਿਲਾਂ 7 ਸਾਲਾਂ ਵਿੱਚ ਹੋਈ ਸੀ**




**ਕੋਲ ਇੰਡੀਆ ਦੇ ਕੋਇਲਾ ਔਫਟੈਕ ਵਿੱਚ 23% ਦਾ ਵਾਧਾ**






> "ਧਰਤੀ ਇਨਸਾਨ ਦੀ ਹਰ ਜ਼ਰੂਰਤ ਨੂੰ ਪੂਰਾ ਕਰ ਸਕਦੀ ਹੈ ਪਰ ਉਸਦੇ ਲਾਲਚ ਨੂੰ ਨਹੀਂ"
>
> – ਮਹਾਤਮਾ ਗਾਂਧੀ

## ਬਿਹਤਰ ਗੁਣਵੱਤਾ ਵਾਲਾ ਕੋਇਲਾ

ਕੋਇਲੇ ਦੀ ਗੁਣਵੱਤਾ ਦੀ ਜਾਂਚ ਲਈ ਥਰਡ ਪਾਰਟੀ ਸੈਂਪਲਿੰਗ ਪ੍ਰਕ੍ਰਿਆ

ਪਾਵਰ ਪਲਾਂਟਾਂ ਨੂੰ 100% ਕ੍ਰਸ਼ਡ ਕੋਇਲਾ

ਕੋਲ ਇੰਡੀਆ ਅਤੇ ਸਿੰਗਰੇਨੀ ਕੋਲਰੀਜ਼ਕੰਪਨੀ ਦੀਆਂ ਸਾਰੀਆਂ ਖਾਣਾਂ ਦਾ ਰੀਗ੍ਰੇਡੇਸ਼ਨ

## ਬਿਜਲੀ ਦੀ ਲਾਗਤ ਵਿੱਚ ਕਮੀ

ਪਿਛਲੇ 4 ਸਾਲਾਂ ਵਿੱਚ ਪ੍ਰਤੀ ਯੂਨਿਟ ਬਿਜਲੀ ਉਤਪਾਦਨ ਵਿੱਚ ਲੱਗਣ ਵਾਲੇ ਕੋਇਲੇ (ਸਪੈਸਿਫਿਕ ਕੋਲ ਕੰਜ਼ਮਪਸ਼ਨ) ਦੀ ਮਾਤਰਾ ਵਿੱਚ 8% ਦੀ ਕਮੀ



# ਨਿਊ ਇੰਡੀਆ ਲਈ ਕੋਇਲਾ ਸੁਧਾਰ

## ਕਮਰਸ਼ਿਅਲ ਕੋਇਲਾ ਖਨਨ

1973 ਦੇ ਰਾਸ਼ਟਰੀਕਰਣ ਤੋਂ ਬਾਅਦ ਕੋਇਲਾ ਖਨਨ ਦਾ ਸਭ ਤੋਂ ਉਦੇਸ਼ਪੂਰਣ ਸੁਧਾਰ

ਕੋਇਲੇ ਦੀ ਦਰਾਮਦ 'ਤੇ ਨਿਰਭਰਤਾ ਵਿੱਚ ਕਮੀ ਆਏਗੀ ਅਤੇ ਯਕੀਨੀ ਕੋਇਲਾ ਸਪਲਾਈ ਨਾਲ ਊਰਜਾ ਸੁਰੱਖਿਆ ਨਿਸ਼ਚਿਤ ਹੋਏਗੀ।

ਵਧੇ ਹੋਏ ਨਿਵੇਸ਼ ਨਾਲ ਪ੍ਰਤੱਖ ਅਤੇ ਅਪ੍ਰਤੱਖ ਰੋਜ਼ਗਾਰ ਦਾ ਸਿਰਜਣ

## ਪਾਰਦਰਸ਼ੀ ਈ-ਨੀਲਾਮੀ ਨਾਲ ਕੋਇਲਾ ਬਲਾੱਕ ਦੀ ਵੰਡ

89 ਕੋਇਲਾ ਖਾਣਾਂ ਦੀ ਸਫਲਤਾਪੂਰਵਕ ਨੀਲਾਮੀ ਅਤੇ ਵੰਡ

ਕੋਇਲਾ ਉਤਪਾਦਕ ਰਾਜਾਂ ਨੂੰ 100% ਮਾਲੀਆ

"ਜੇਕਰ ਮੈਨੂੰ ਵਿਸ਼ਵਾਸ ਹੈ ਕਿ ਮੈਂ ਇਹ ਕਰ ਸਕਦਾ ਹਾਂ ਤਾਂ ਮੈਂ ਇਸਨੂੰ ਕਰਨ ਦੀ ਸਮਰੱਥਾ ਜ਼ਰੂਰ ਹੀ ਪ੍ਰਾਪਤ ਕਰ ਲਵਾਂਗਾ, ਭਾਵੇਂ ਸ਼ੁਰੂਵਿੱਚ ਮੇਰੇ ਅੰਦਰ ਇਹ ਸਮਰੱਥਾ ਨਾ ਰਹੀ ਹੋਵੇ।"

– ਮਹਾਤਮਾ ਗਾਂਧੀ

# ਪਾਰਦਰਸ਼ਿਤਾ ਅਤੇ ਜਵਾਬਦੇਹੀ

## ਕੋਇਲਾ ਲਿੰਕੇਜ ਦਾ ਰੈਸ਼ਨਲਾਈਜ਼ੇਸ਼ਨ

55.66 ਮਿਲੀਯਨ ਟਨ ਕੁਲ ਕੋਇਲਾ ਮੂਵਮੈਂਟ ਦੇ ਰੈਸ਼ਨਲਾਈਜ਼ੇਸ਼ਨ ਨਾਲ 3,359 ਕਰੋੜ ਦੀ ਸੰਭਾਵਿਤ ਸਾਲਾਨਾ ਬਚਤ


### ਸ਼ਕਤੀ

(ਸਕੀਮ ਫੱਾਰ ਹਾਰਨੈਸਿੰਗ ਐਂਡ ਐਲੋਕੇਟਿੰਗ ਕੋਇਲਾ ਟ੍ਰਾਂਸਪੇਰੈਂਟਲੀ ਇਨ ਇੰਡੀਆ)

ਕੋਇਲਾ ਲਿੰਕੇਜ ਦੀ ਨੀਲਾਮੀ ਅਤੇ ਵੰਡ ਲਈ ਪਰਿਵਰਤਨਕਾਰੀ ਨੀਤੀ

ਸਸਤੀ ਊਰਜਾ ਅਤੇ ਪਾਰਦਰਸ਼ੀ ਕੋਇਲਾ ਵੰਡ

ਸ਼ਕਤੀ ਤਹਿਤ 16 ਈਂਧਨ ਸਪਲਾਈ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਗਏ।




# ਰੇਲ ਕੋਇਲਾ ਸਹਿਯੋਗ

ਕੋਇਲਾ ਟ੍ਰਾਂਸਪੋਰਟੇਸ਼ਨ ਨੂੰ ਵਧਾਉਣ ਲਈ ਕੋਇਲਾ ਨਿਕਾਸੀ ਦੇ 14 ਮਹੱਤਵਪੂਰਣ ਪ੍ਰੋਜੈਕਟਾਂ ਦੀ ਸਮੇਂ ਸੀਮਾ ਨਿਰਧਾਰਿਤ

ਚਿਰਾ ਤੋਂ ਉਡੀਕੀ ਜਾ ਰਹੀ ਟੋਰੀ - ਸ਼ਿਵਪੁਰ ਨਵੀਂ ਰੇਲ ਲਾਈਨ (44 ਕਿਮੀ) ਦਾ ਟੋਰੀ - ਬਾਲੂਮਾਥ ਰੇਲ ਖੰਡ 9 ਮਾਰਚ, 2018 ਤੋਂ ਸ਼ੁਰੂ

ਉੜੀਸਾ ਵਿੱਚ ਝਾਰਸੁਗੁੜਾ - ਬਾਰਾਪੱਲੀ (53 ਕਿਮੀ) ਰੇਲ ਲਾਈਨ ਪੂਰਣ

## ਕੁਲ ਕੋਇਲਾ ਲਦਾਨ ਵਿੱਚ ਵਾਧਾ



"ਦੂਜਿਆਂ ਦੀ ਸੇਵਾ ਵਿੱਚ ਖ਼ੁਦ ਨੂੰ
ਸਮਰਪਿਤ ਕਰਨਾ ਖ਼ੁਦ ਨੂੰ ਜਾਣਨ
ਦਾ ਬਿਹਤਰੀਨ ਉਪਾਅ ਹੈ"

– ਮਹਾਤਮਾ ਗਾਂਧੀ

सत्यमेव जयते
भारत सरकार